ਦਫਤਰ ਚੇਅਰਮੈਨ, ਭਰਤੀ ਬੋਰਡ-ਕਮ-ਪ੍ਰਮੁੱਖ ਸਕੱਤਰ, ਸਕੂਲ ਸਿੱਖਿਆ ਵਿਭਾਗ, ਪੰਜਾਬ
ਸਰਕਾਰੀ (ਮਾਡਲ) ਸੀਨੀਅਰ ਸੈਕੰਡਰੀ ਸਕੂਲ, (ਮਾਈਕਰੋਸਾਫਟ ਬਿਲਡਿੰਗ) ਫੇਜ-3ਬੀ-1, ਮੁਹਾਲੀ।
(ਵੈਬਸਾਈਟ www.educationrecruitmentboard.com

# ਪਬਲਿਕ ਨੋਟਿਸ

## ਜਨਤਕ ਨਿਯੁਕਤੀਆਂ

ਪੰਜਾਬ ਸਟੇਟ ਮਿਡ-ਡੇ-ਮੀਲ ਸੁਸਾਇਟੀ, ਪੰਜਾਬ ਸਿੱਖਿਆ ਭਵਨ, ਈ-ਬਲਾਕ, ਪੰਜਵੀਂ ਮੰਜਿਲ ਵੱਲੋਂ ਮੁੱਖ ਦਫਤਰ ਅਤੇ ਜਿਲ੍ਹਾ ਫਾਜਿਲਕਾ, ਲੁਧਿਆਣਾ ਵਿਖੇ ਹੇਠ ਲਿਖੀਆਂ ਠੇਕਾ ਆਧਾਰਿਤ ਆਸਾਮੀਆਂ ਦੀ ਭਰਤੀ ਕਰਨ ਲਈ ਯੋਗ ਉਮੀਦਵਾਰਾਂ ਵੱਲੋਂ ਵਿਭਾਗ ਦੀ ਵੈਬਸਾਈਟ www.educationrecruitmentboard.com ਤੇ ਆਨ ਲਾਈਨ ਦਰਖਾਸਤਾਂ ਦੀ ਮੰਗ ਕੀਤੀ ਜਾਂਦੀ ਹੈ।

1. ਅਸਾਮੀਆਂ ਦਾ ਨਾਮ, ਗਿਣਤੀ ਅਤੇ ਜਰੂਰੀ ਯੋਗਤਾਵਾਂ:

| Name of the Posts | No. of Posts | Placed at | Essential Qualification | Consolidated Remuneration |
|---|---|---|---|---|
| Manager Foodgrains | 01 | Head office, Mohali | Central State/ PSU/ Retired officer having vast experience in food sector. | 21,000/- |
| Manager (Finance & Accounts) | 01 | Head office, Mohali | A retired Central State Govt./PSU/ officer of the level of Section Officer (S.O.) Or Assistant Controller (Finance & Accounts) (ACFA) and above. | 21,000/- |
| Accountant | 01 | Fazilka | B.Com having at least 50% Marks should have passed one year Computer Course and should possess at least 3 years accounts experience from a reputed Organization. | 16,000/- |
| | 01 | Ludhiana | | |

ਫੀਸ ਸਬੰਧੀ ਵੇਰਵਾ:

| | | |
|---|---|---|
| 1. | ਜਨਰਲ ਅਤੇ ਹੋਰ ਕੈਟਾਗਰੀ ਦੇ ਉਮੀਦਵਾਰਾਂ ਲਈ | 500/- |
| 2. | ਰਿਜਰਵ ਕੈਟਾਗਰੀ (ਐਸ.ਸੀ./ਐਸ.ਟੀ.)/ਅੰਗਹੀਣ | 250/- |
| 3. | ਸਾਬਕਾ ਸੈਨਿਕ ਖੁੱਦ | ਕੋਈ ਨਹੀਂ |

ਸਾਬਕਾ ਸੈਨਿਕ (ਖੁੱਦ) ਨੂੰ ਫੀਸ ਦੀ ਅਦਾਇਗੀ ਤੋਂ ਛੋਟ ਹੋਵੇਗੀ ਬਸਰਤੇ ਕਿ ਭਾਰਤ ਸਰਕਾਰ ਅਧੀਨ ਨੋਕਰੀ ਦਾ, ਉਹਨਾਂ ਦਾ ਆਮ ਅਰਸਾ ਮੁਕੰਮਲ ਹੋਣ ਤੋਂ ਪਹਿਲਾਂ ਜਾਂ ਖੁੱਦ ਹੀ ਪ੍ਰਤੀ ਬੇਨਤੀ ਤੇ ਨੌਕਰੀ ਤੋਂ ਫਾਰਗ/ਡਿਸਚਾਰਜ ਨਾ ਕੀਤੇ ਗਏ ਹੋਣ। ਸਾਬਕਾ ਸੈਨਿਕਾਂ ਦੇ ਆਸਰਿਤਾਂ ਨੂੰ ਲੋੜੀਂਦੀ ਨਿਰਧਾਰਿਤ ਫੀਸ ਦੀ ਅਦਾਇਗੀ ਕਰਨੀ ਹੋਵੇਗੀ ਅਤੇ ਇਸ ਅਸਾਮੀ ਲਈ ਅਸਲ **Lineal Descendent Certificate (LDC)** ਦਸਤਾਵੇਜਾਂ ਦੀ ਸਕਰੂਟਨੀ ਵੇਲੇ ਜਮਾਂ ਕਰਵਾਉਣਾ ਹੋਵੇਗਾ। ਉਮੀਦਵਾਰ ਸਕਰੂਟਨੀ ਸਮੇਂ ਫੀਸ ਦੀ ਰਸੀਦ ਪੇਸ ਕਰਨਗੇ।

ਨੋਟ:

ੳ) ਪੰਜਾਬ ਦੇ ਵਸਨੀਕ ਵਿਕਲਾਂਗ ਉਮੀਦਵਾਰਾਂ ਵੱਲੋਂ ਉਪਰੋਕਤ ਅਨੁਸਾਰ ਉਹੀ ਫੀਸ ਜਮ੍ਹਾਂ ਕਰਵਾਈ ਜਾਵੇਗੀ ਜਿਸ ਵਰਗ/ਸ੍ਰੇਣੀ ਨਾਲ ਉਹ ਸਬੰਧ ਰੱਖਦੇ ਹਨ।

ਅ) ਕਿਸੇ ਵੀ ਉਮੀਦਵਾਰ ਨੂੰ ਫੀਸ ਦੀ ਮੁਆਫੀ/ਛੋਟ ਨਹੀਂ ਦਿੱਤੀ ਜਾਵੇਗੀ ਸਿਵਾਏ ਸਾਬਕਾ ਸੈਨਿਕ (ਖੁੱਦ) ਅਤੇ ਫੀਸ ਨਾ ਭੇਜਣ ਦੀ ਹਾਲਤ ਵਿੱਚ ਉਸ ਦੀ ਪਾਤਰਤਾ ਰੱਦ ਸਮਝੀ ਜਾਵੇਗੀ।

ਸਰਤਾਂ:-

- ਇਹ ਅਸਾਮੀਆਂ ਠੇਕੇ ਦੇ ਆਧਾਰ ਤੇ ਭਰੀਆਂ ਜਾਣੀਆਂ ਹਨ।
- ਵਿੱਦਿਅਕ ਯੋਗਤਾ ਕਿਸੇ ਮਾਨਤਾ ਪ੍ਰਾਪਤ ਯੂਨੀਵਰਸਿਟੀ/ਬੋਰਡ/ਸੰਸਥਾਂ ਤੋਂ ਪਾਸ ਹੋਵੇ। ਉਮੀਦਵਾਰ ਨੇ ਵਿਗਿਆਪਨ ਦੀ ਮਿਤੀ ਤੋਂ ਪਹਿਲਾਂ ਅੰਤਿਮ ਪ੍ਰੀਖਿਆ ਪਾਸ ਕੀਤੀ ਹੋਵੇ।
- ਉਮੀਦਵਾਰ ਸਕਰੂਟਨੀ ਵੇਲੇ ਆਪਣੇ ਸਾਰੇ ਵਿੱਦਿਅਕ/ਪ੍ਰੋਫੈਸਨਲ ਯੋਗਤਾ, ਡੋਮੀਸਾਈਲ ਦਾ ਸਰਟੀਫਿਕੇਟ, ਤਜਰਬਾ ਅਤੇ ਸ੍ਰੇਣੀ ਨਾਲ ਸਬੰਧਤ ਸਰਟੀਫਿਕੇਟ ਸਮੇਤ ਉਨ੍ਹਾਂ ਦੀਆਂ ਸੈਲਫ ਅਟੈਸਟਿਡ ਕਾਪੀਆਂ ਅਤੇ 2 ਤਸਦੀਕਸੁਦਾ ਫੋਟੋਆਂ ਫਾਈਲ ਵਿੱਚ ਲਗਾ ਕੇ ਲਿਆਉਣਗੇ। ਇਹ ਸਾਰੇ ਦਸਤਾਵੇਜ਼ ਅਪਲਾਈ ਕਰਨ ਦੀ ਆਖਰੀ ਮਿਤੀ ਤੋਂ ਪਹਿਲਾਂ ਦੇ ਹੋਣੇ ਚਾਹੀਦੇ ਹਨ। ਆਖਰੀ ਮਿਤੀ ਤੋਂ ਬਾਅਦ ਦਾ ਜਾਰੀ ਕੀਤਾ ਗਿਆ ਸਰਟੀਫਿਕੇਟ ਮੰਨਣਯੋਗ ਨਹੀਂ ਹੋਵੇਗਾ।
- ਇਨ੍ਹਾਂ ਅਸਾਮੀਆਂ ਲਈ ਰਿਟਾਇਰ ਹੋਏ ਕਰਮਚਾਰੀਆਂ ਦੀ ਉਮਰ ਵਿਗਿਆਪਨ ਦੀ ਮਿਤੀ ਨੂੰ 62 ਸਾਲ ਤੋਂ ਵੱਧ ਨਹੀਂ ਹੋਣੀ ਚਾਹੀਦੀ ਅਤੇ ਇਹ ਕਰਮਚਾਰੀ/ਅਧਿਕਾਰੀ 65 ਸਾਲ ਦੀ ਉਮਰ ਦੀ ਤੱਕ ਹੀ ਸੇਵਾਵਾਂ ਨਿਭਾਉਣਗੇ।
- ਉਹ ਉਮੀਦਵਾਰ ਜ਼ੋ ਪਹਿਲਾਂ ਹੀ ਰਾਜ ਜਾਂ ਕੇਂਦਰ ਦੇ ਕਰਮਚਾਰੀ ਹਨ, ਆਪਣੀ ਪ੍ਰਤੀਬੇਨਤੀ ਯੋਗ ਪ੍ਰਣਾਲੀ ਰਾਹੀਂ ਵੀ ਭੇਜਣਗੇ। ਪਰ ਇਹ ਅਸਾਮੀ ਠੇਕਾ ਅਧਾਰਿਤ ਹੈ।

ਇਹਨਾਂ ਉਮੀਦਵਾਰਾਂ ਦੀ ਨਿਯੁਕਤੀ ਠੇਕਾ ਅਧਾਰ ਤੇ ਹੀ ਕੀਤੀ ਜਾਵੇਗੀ। ਪਿਛਲੀ ਰੈਗੂਲਰ ਸਰਵਿਸ ਦਾ ਕੋਈ ਲਾਭ ਨਹੀਂ ਦਿੱਤਾ ਜਾਵੇਗਾ।

- ਰਿਟਾਇਰੀਆਂ ਤੋਂ ਇਲਾਵਾ ਦੂਜੇ ਉਮੀਦਵਾਰਾਂ ਲਈ ਉਮਰ ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਵਿਗਿਆਪਨ ਦੀ ਮਿਤੀ 18-37 ਸਾਲ ਦੇ ਵਿਚਕਾਰ ਹੋਣੀ ਚਾਹੀਦੀ ਹੈ।
- ਉਮੀਦਵਾਰ ਨੇ ਮੈਟ੍ਰਿਕ ਪੱਧਰ ਤੱਕ ਪੰਜਾਬੀ ਪਾਸ ਕੀਤੀ ਹੋਵੇ।
- ਅਸਾਮੀਆਂ ਦੀ ਗਿਣਤੀ ਵੱਧ/ਘੱਟ ਹੋ ਸਕਦੀ ਹੈ।
- ਜਿਹੜਾ ਉਮੀਦਵਾਰ ਇੱਕ ਤੋਂ ਵੱਧ ਅਸਾਮੀ ਲਈ ਅਪਲਾਈ ਕਰਨਾ ਚਾਹੁੰਦਾ ਹੈ ਜਾਂ ਇੱਕ ਤੋਂ ਵੱਧ ਸਟੇਸ਼ਨ ਲਈ ਅਪਲਾਈ ਕਰਨਾ ਚਾਹੁੰਦਾ ਹੈ, ਉਹ ਹਰ ਅਸਾਮੀ/ ਸਟੇਸਨ ਲਈ ਅਲੱਗ-ਅਲੱਗ ਐਪਲੀਕੇਸਨ ਫੀਸ ਭਰੇਗਾ।
- ਪੁਰਸ ਅਤੇ ਇਸਤਰੀ ਉਮੀਦਵਾਰਾਂ ਲਈ ਸਾਂਝੀ ਮੈਰਿਟ ਬਣਾਈ ਜਾਵੇਗੀ।
- ਸਕਰੂਟਨੀ ਸਮੇਂ ਜੇਕਰ ਕਿਸੇ ਉਮੀਦਵਾਰਾਂ ਵੱਲੋਂ ਯੋਗਤਾ ਆਦਿ ਸਬੰਧੀ ਅਸਲ ਦਸਤਾਵੇਜ਼ ਪੇਸ਼ ਨਹੀਂ ਕੀਤੇ ਜਾਂਦੇ ਤਾਂ ਉਸ ਦਾ ਨਿਯੁਕਤੀ ਲਈ ਕੋਈ ਹੱਕ ਨਹੀਂ ਹੋਵੇਗਾ।
- ਉਮੀਦਵਾਰਾਂ ਵੱਲੋਂ ਉਪਲਬਧ ਕਰਵਾਏ ਕਿਸੇ ਵੀ ਦਸਤਾਵੇਜ਼ ਦੇ ਗਲਤ ਸਾਬਿਤ ਹੋਣ ਤੇ ਉਸਦਾ ਨਾਮ ਮੈਰਿਟ ਵਿੱਚੋਂ ਕੱਢ ਦਿੱਤਾ ਜਾਵੇਗਾ, ਜਿਸ ਲਈ ਉਮੀਦਵਾਰ ਅਤੇ ਦਸਤਾਵੇਜ਼ ਜਾਰੀ ਕਰਨ ਵਿਰੁੱਧ ਮੌਕੇ ਤੇ ਹੀ ਐਫ.ਆਈ.ਆਰ. ਦਰਜ ਕਰਵਾ ਦਿੱਤੀ ਜਾਵੇਗੀ ਅਤੇ ਬਣਦੀ ਕਾਨੂੰਨੀ ਕਾਰਵਾਈ ਵੀ ਕੀਤੀ ਜਾਵੇਗੀ।
- ਸਕਰੂਟਨੀ ਲਈ ਆਉਣ ਵਾਲੇ ਉਮੀਦਵਾਰਾਂ ਨੂੰ ਟੀ.ਏ./ਡੀ.ਏ.ਅਦਾ ਨਹੀਂ ਕੀਤਾ ਜਾਵੇਗਾ।
- ਉਮੀਦਵਾਰ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਸਕਰੂਟਨੀ ਲਈ **Latest updates** ਆਦਿ ਸਬੰਧੀ ਵੈਬਸਾਈਟ ਤੇ ਰੈਗੂਲਰ ਤੌਰ ਤੇ ਆਪ ਹੀ ਧਿਆਨ ਰੱਖਣਗੇ। ਇਸ ਸਬੰਧੀ ਉਹਨਾਂ ਨੂੰ ਵੱਖਰੇ ਤੌਰ ਤੇ ਕੋਈ ਸੂਚਨਾ ਨਹੀਂ ਦਿੱਤੀ ਜਾਵੇਗੀ। ਉਮੀਦਵਾਰ ਨੂੰ ਇਹ ਵੀ ਸਲਾਹ ਹੈ ਕਿ ਉਹ ਸਾਰੀਆਂ ਹਦਾਇਤਾਂ ਚੰਗੀ ਤਰ੍ਹਾਂ ਪੜ੍ਹ ਲਵੇ। ਇੱਕ ਵਾਰੀ ਭਰਿਆ ਡਾਟਾ ਬਦਲਣ ਦੀ ਆਗਿਆ ਨਹੀਂ ਹੋਵੇਗੀ।
- ਸਕਰੂਟਨੀ ਵਿੱਚ ਗੈਰ ਹਾਜਰ ਰਹਿਣ ਵਾਲੇ ਉਮੀਦਵਾਰਾਂ ਦੀ ਪਾਤਰਤਾ ਰੱਦ ਸਮਝੀ ਜਾਵੇਗੀ ਅਤੇ ਕਿਸੇ ਵੀ ਹਾਲਤ ਵਿੱਚ ਕਿਸੇ ਵੀ ਉਮੀਦਵਾਰ ਨੂੰ ਹੋਰ ਮੌਕਾ ਨਹੀਂ ਦਿੱਤਾ ਜਾਵੇਗਾ।

ਆਨ-ਲਾਈਨ ਅਪਲਾਈ ਕਰਨ ਦੀ ਵਿਧੀ

1. ਵੈਬਸਾਈਟ **www.educationrecruitmentboard.com**

2. ਉਮੀਦਵਾਰ ਵੱਲੋਂ ਪਹਿਲਾਂ ਉਪਰੋਕਤ ਦਰਸਾਈ ਵੈਬਸਾਈਟ ਉੱਤੇ ਰਜਿਸਟ੍ਰੇਸਨ ਕਰਵਾਈ ਜਾਵੇਗੀ। ਰਜਿਸਟ੍ਰੇਸ਼ਨ ਕਰਵਾਉਣ ਲਈ ਇਸ ਵੈਬ-ਸਾਈਟ ਉੱਤੇ ਦਿੱਤੇ ਲਿੰਕ **New Registration** ਉੱਤੇ **Click** ਕੀਤਾ ਜਾਵੇ ਅਤੇ ਮੰਗੀ ਗਈ ਜਾਣਕਾਰੀ ਭਰੀ ਜਾਵੇ। ਇੱਕ ਵਾਰ ਰਜਿਸਟ੍ਰੇਸ਼ਨ ਕਰਨ ਉਪਰੰਤ ਕੋਈ ਵੀ ਜਾਣਕਾਰੀ ਦੁਬਾਰਾ **Update/Edit** ਨਹੀਂ ਕੀਤੀ ਜਾ ਸਕਦੀ।

3. ਰਜਿਸਟ੍ਰੇਸਨ ਉਪਰੰਤ ਉਮੀਦਵਾਰ ਆਪਣਾ ਬੈਂਕ ਚਲਾਨ ਜਨਰੇਟ ਕਰ ਸਕਦੇ ਹਨ ਅਤੇ ਪੰਜਾਬ ਨੈਸ਼ਨਲ ਬੈਂਕ ਵਿੱਚ ਆਪਣੀ ਫੀਸ ਜਮ੍ਹਾਂ ਕਰਵਾ ਸਕਦੇ ਹਨ।

4. ਫੀਸ ਸਬੰਧੀ ਬੈਂਕ ਤੋਂ **Confirmation** ਉਪਰੰਤ ਇਸ ਵਿਭਾਗ ਵੱਲੋਂ ਉਮੀਦਵਾਰ ਦੀ ਰਜਿਸਟ੍ਰੇਸਨ 48 ਘੰਟੇ ਵਿੱਚ **Confirm** ਕਰ ਦਿੱਤੀ ਜਾਵੇਗੀ ਅਤੇ **Confirmation** ਉਪਰੰਤ ਹੀ ਉਮੀਦਵਾਰ ਆਪਣੀ **Online Application** ਭਰ ਸਕਦੇ ਹਨ।

5. **Application** ਭਰਨ ਉਪਰੰਤ ਇਸ ਦਾ ਪ੍ਰਿੰਟ ਆਊਟ ਜਰੂਰ ਲਿਆ ਜਾਵੇ ਅਤੇ ਸੰਭਾਲ ਕੇ ਰੱਖਿਆ ਜਾਵੇ। ਇੱਥੇ ਇਹ ਵੀ ਸਪੱਸਟ ਕੀਤਾ ਜਾਂਦਾ ਹੈ ਕਿ **Application Form** ਜਾਂ ਹੋਰ ਦਸਤਾਵੇਜ਼ ਡਾਕ ਰਾਹੀਂ ਇਸ ਦਫਤਰ ਨੂੰ ਭੇਜਣ ਦੀ ਜਰੂਰਤ ਨਹੀਂ ਹੈ। ਕੋਈ ਵੀ ਦਸਤਾਵੇਜ਼ ਮੰਗੇ ਜਾਣ ਉੱਤੇ ਹੀ ਭੇਜਿਆ ਜਾਵੇ।

**<u>Important Dates</u>**

- ਪਹਿਲਾਂ ਉਮੀਦਵਾਰ ਆਨ-ਲਾਈਨ ਰਜਿਸਟ੍ਰੇਸਨ ਕਰੇਗਾ ਜਿਸ ਦੀ ਆਖਰੀ ਮਿਤੀ 04/05/2015 (ਸਾਮ 5:00 ਵਜੇ ਤੱਕ) ਹੈ। ਰਜਿਸਟ੍ਰੇਸ਼ਨ ਕਰਨਾ ਹੀ ਅਪਲਾਈ ਕਰਨ ਦੀ ਆਖਰੀ ਮਿਤੀ ਹੋਵੇਗੀ।
- ਉਮੀਦਵਾਰ ਰਜਿਸਟ੍ਰੇਸ਼ਨ ਕਰਨ ਤੋਂ ਬਾਅਦ ਬੈਂਕ ਚਲਾਨ ਜਨਰੇਟ ਕਰੇਗਾ ਅਤੇ ਅਰਜੀ ਦੀ ਨਿਰਧਾਰਿਤ ਫੀਸ ਮਿਤੀ :07/05/2015 ਤੱਕ ਬੈਂਕ ਵਿੱਚ ਜਮ੍ਹਾਂ ਕਰਵਾ ਸਕਦਾ ਹੈ।
- ਬੈਂਕ ਵਿੱਚ ਫੀਸ ਜਮ੍ਹਾ ਕਰਵਾਉਣ ਅਤੇ ਫੀਸ ਦੀ **Confirmation** ਹੋਣ ਉਪਰੰਤ ਹੀ ਉਮੀਦਵਾਰ ਆਪਣਾ **Online Application Form** ਭਰ ਸਕਦਾ ਹੈ ਜਿਸ ਦੀ ਆਖਰੀ ਮਿਤੀ 11/05/2015 (ਸਾਮ 5:00 ਵਜੇ ਤੱਕ) ਹੈ।

ਚੇਅਰਮੈਨ ਭਰਤੀ ਬੋਰਡ-ਕਮ-ਪ੍ਰਮੁੱਖ ਸਕੱਤਰ
ਸਕੂਲ ਸਿੱਖਿਆ, ਪੰਜਾਬ।